# 1st Meeting of the India - Australia Joint Working Group on Cyber Security Cooperation

June 10, 2021

……………………………………………………………………………………………………..

## ਭਾਰਤ ਅਤੇ ਆਸਟਰੇਲੀਆ ਦੇ ਸਾਂਝਾ ਕਾਰਜਕਾਰੀ ਸਮੂਹ ਦੀ ਸਾਈਬਰ ਸੁਰੱਖਿਆ ਸਹਿਯੋਗ ਬਾਰੇ ਪਹਿਲੀ ਬੈਠਕ

10 ਜੂਨ, 2021

ਭਾਰਤ ਅਤੇ ਆਸਟਰੇਲੀਆ ਦਰਮਿਆਨ ਸਾਈਬਰ ਸੁਰੱਖਿਆ ਸਹਿਯੋਗ ਬਾਰੇ ਸਾਂਝਾ ਕਾਰਜਕਾਰੀ ਸਮੂਹ (JWG) ਦੀ ਪਹਿਲੀ ਬੈਠਕ 10 ਜੂਨ, 2021 ਨੂੰ ਵਰਚੂਅਲ ਮਾਧਿਅਮ ਰਾਹੀਂ ਹੋਈ।

ਭਾਰਤ ਵੱਲੋਂ ਵਿਦੇਸ਼ ਮੰਤਰਾਲੇ ਅੰਦਰ ਡਾਇਰੈਕਟਰ (ਓਸ਼ੇਨੀਆ) ਸ਼੍ਰੀਮਤੀ ਪਾਲੋਮੀ ਤ੍ਰਿਪਾਠੀ ਅਤੇ ਆਸਟ੍ਰੇਲੀਆ ਵਲੋਂ ਇਸਦੇ ਵਿਦੇਸ਼ ਵਿਭਾਗ ਅਤੇ ਵਪਾਰ ਵਿਭਾਗ ਦੇ ਸਾਈਬਰ ਮਾਮਲੇ ਅਤੇ ਅਤਿ ਮਹੱਤਵਪੂਪੂਰਨ ਟੈਕਨਾਲੌਜੀ ਦੀ ਵਿਸ਼ੇਸ਼ ਸਲਾਹਕਾਰ ਰੈਸ਼ੇਲ ਜੇਮਜ਼ ਨੇ ਸਾਈਬਰ ਸੁਰੱਖਿਆ ਸਹਿਯੋਗ ਬਾਰੇ ਵਿਚਾਰ ਵਟਾਂਦਰੇ ਲਈ ਆਪੋ ਆਪਣੇ ਵਫ਼ਦਾਂ ਦੀ ਅਗਵਾਈ ਕੀਤੀ।

ਸਾਈਬਰ ਸੁਰੱਖਿਆ ਸਹਿਯੋਗ ਸਾਂਝਾ ਕਾਰਜਕਾਰੀ ਸਮੂਹ ਉਹ ਤੰਤਰ ਹੈ ਜੋ ਭਾਰਤੀ ਗਣਰਾਜ ਅਤੇ ਅਸਟ੍ਰੇਲੀਆ ਸਰਕਾਰ ਦਰਮਿਆਨ ਸਾਈਬਰ ਅਤੇ ਸਾਈਬਰ-ਸੱਖਮ ਅਤਿ ਮਹੱਤਵਪੂਰਨ ਟੈਕਨਾਲੋਜੀ ਸਹਿਕਾਰਤਾ 'ਤੇ ਢਾਂਚੇ ਅਧੀਨ 2020-25 ਕਾਰਜ ਯੋਜਨਾ ਨੂੰ ਲਾਗੂ ਕਰਨ ਲਈ ਸਥਾਪਤ ਕੀਤਾ ਗਿਆ ਹੈ। ਇਸ ਤੰਤਰ ਅਧੀਨ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਨੀਤੀ ਘਾੜੇ ਅਤੇ ਕਾਰਜਕਾਰੀ ਮਾਹਰ ਇੱਕੋ ਮੰਚ 'ਤੇ ਇਕੱਠਾ ਹੁੰਦੇ ਹਨ।

JWG ਦੀ ਇਸ ਪਹਿਲੀ ਬੈਠਕ ਦੌਰਾਨ ਦੋਵਾਂ ਪੱਖਾਂ ਨੇ 4 ਜੂਨ, 2020 ਨੂੰ ਦੋਵਾਂ ਪ੍ਰਧਾਨ ਮੰਤਰੀਆਂ ਦਰਮਿਆਨ ਹੋਏ ਲੀਡਰਜ਼ ਵਰਚੂਅਲ ਸਿਖ਼ਰ ਸੰਮੇਲਨ ਦੌਰਾਨ ਇਸ ਸਬੰਧ ਨੂੰ ਵਧਾਕੇ ਵਿਆਪਕ ਰਣਨੀਤਕ ਭਾਈਵਾਲੀ (CSP) ਦਾ ਦਰਜਾ ਦੇਣ ਤੋਂ ਬਾਅਦ ਸਬੰਧਾਂ 'ਚ ਹੋਈ ਲਗਾਤਾਰ ਤਰੱਕੀ ਦਾ ਜ਼ਿਕਰ ਕੀਤਾ ਅਤੇ ਸਾਈਬਰ ਅਤੇ ਸਾਈਬਰ-ਸਮਰੱਥ ਅਤਿ ਮਹੱਤਵਪੂਰਨ ਟੈਕਨਾਲੋਜੀ ਸਹਿਯੋਗ ਫ੍ਰੇਮਵਰਕ ਪ੍ਰਬੰਧ ਅਧੀਨ ਸ਼ਿਨਾਖਤ ਕੀਤੇ ਗਏ ਡਿਜੀਟਲ ਆਰਥਿਕਤਾ, ਸਾਈਬਰ ਸੁੱਰਖਿਆ ਅਤੇ ਅਤਿ ਮਹੱਤਵਪੂਰਨ ਅਤੇ ਉੱਭਰ ਰਹੀਆਂ ਟੈਕਨਾਲੋਜੀਆਂ ਦੇ ਖੇਤਰਾਂ ਵਿੱਚ ਮਿਲ ਕੇ ਕੰਮ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਭਾਰਤ ਅਤੇ ਆਸਟਰੇਲੀਆ ਨੇ ਸਾਈਬਰ ਸੁਰੱਖਿਆ ਖਤਰੇ ਦੇ ਮੁਲਾਂਕਣ ਦੇ ਨਾਲ ਨਾਲ ਕਾਨੂੰਨਾਂ ਅਤੇ ਰਾਸ਼ਟਰੀ ਸਾਈਬਰ ਰਣਨੀਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਭਾਰਤ ਅਤੇ ਆਸਟਰੇਲੀਆ ਨੇ ਅਤਿ ਮਹੱਤਵਪੂਰਨ ਜਾਣਕਾਰੀ ਦੇ ਨਾਲ-ਨਾਲ 5 G ਟੈਕਨਾਲੋਜੀ ਅਤੇ IoT ਉਪਕਰਣਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਦਾ ਜ਼ਿਕਰ ਕਰਨ ਤੋਂ ਛੁੱਟ ਨਿੱਜੀ ਖੇਤਰ ਅਤੇ ਸਿੱਖਿਅਕਾਂ ਨਾਲ ਸਹਿਯੋਗ ਵਧਾਉਣ ਅਤੇ ਹੁਨਰ ਅਤੇ ਗਿਆਨ ਵਿਕਾਸ ਵਿੱਚ ਦੇ ਮਾਮਲੇ 'ਚ ਮਿਲ ਕੇ ਕੰਮ ਕਰਨ ਉੱਤੇ ਸਹਿਮਤੀ ਦਿੱਤੀ। ਦੋਵਾਂ ਪੱਖਾਂ ਨੇ ਬਹੁਪੱਖੀ ਮੰਚਾਂ 'ਤੇ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਵੀ ਸਹਿਮਤੀ ਦਿੱਤੀ।

ਦੋਵਾਂ ਪੱਖਾਂ ਨੂੰ ਅਗਲੀ ਦੁਵੱਲੀ ਸਾਈਬਰ ਪਾਲਿਸੀ ਵਾਰਤਾ ਅਤੇ ਸੂਚਨਾ ਅਤੇ ਸੰਚਾਰ ਟੈਕਨੋਲੋਜੀ (ICT) ਬਾਰੇ JWG ਦੀ ਬੈਠਕ ਦੇ ਛੇਤੀ ਹੋਣ ਦੀ ਆਸ ਹੈ|

ਨਵੀਂ ਦਿੱਲੀ
10 ਜੂਨ, 2021

DISCLAIMER: This is an approximate translation. The original is available in English on MEA's website and may be referred to as the official press release.